ਨੰ: ਐਸ.ਸੀ.ਐਸ.ਪੀ(ਪੋ.ਅ-1)-38(II)/2016/5503-30

ਪੰਜਾਬ ਸਰਕਾਰ
ਭਲਾਈ ਵਿਭਾਗ
(ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ)

ਸੇਵਾ ਵਿਖੇ,

ਸਮੂਹ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ (ਅਨੁਸੂਚਿਤ ਜਾਤੀਆਂ ਸਬ ਪਲਾਨ ਨਾਲ ਸਬੰਧਤ)।

ਮਿਤੀ: ਚੰਡੀਗੜ੍ਹ, 8 ਦਸੰਬਰ, 2016

ਵਿਸ਼ਾ:- ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ.) 2017-18 ਅਤੇ ਐਸ.ਸੀ.ਐਸ.ਪੀ ਤਹਿਤ ਤਿੰਨ ਸਾਲਾ (2017-20) ਐਕਸ਼ਨ ਪਲਾਨ ਨੂੰ ਅੰਤਿਮ ਕਰਨ ਬਾਰੇ।

******

ਸ਼੍ਰੀਮਾਨ/ਸ਼੍ਰੀਮਤੀ ਜੀ,

ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਐਸ.ਸੀ.ਐਸ.ਪੀ. 2017-18 ਦੇ ਦਸਤਾਵੇਜ਼ ਨੂੰ ਸਾਲਾਨਾ ਯੋਜਨਾ 2017-18 ਦੇ ਦਸਤਾਵੇਜ਼ ਦੇ ਨਾਲ ਹੀ ਤਿਆਰ ਕਰਕੇ ਬਾਕੀ ਬਜਟ ਦਸਤਾਵੇਜ਼ਾਂ ਦੇ ਨਾਲ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤਾ ਜਾਣਾ ਹੈ। ਇਸ ਲਈ ਐਸ.ਸੀ.ਐਸ.ਪੀ. 2017-18 ਦੇ ਕੰਮ ਨੂੰ ਸਾਲਾਨਾ ਯੋਜਨਾ 2017-18 ਦੇ ਨਾਲ ਤਰਜੀਹ ਦੇ ਆਧਾਰ ਤੇ ਮੁਕੰਮਲ ਕਰਨ ਦੀ ਲੋੜ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਪ੍ਰਬੰਧਕੀ ਵਿਭਾਗ, ਐਸ.ਸੀ.ਐਸ.ਪੀ. 2017-18 ਸਬੰਧੀ ਤਜਵੀਜ਼ਾਂ ਤਿਆਰ ਕਰਕੇ ਇਸ ਵਿਭਾਗ ਨੂੰ ਤੁਰੰਤ ਭੇਜਣ ਦੀ ਕ੍ਰਿਪਾਲਤਾ ਕਰਨਗੇ।

2. ਰਾਜ ਵਿੱਚ ਅਨੁਸੂਚਿਤ ਜਾਤੀਆਂ ਸਬ ਪਲਾਨ ਨੂੰ ਹੋਰ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਲਈ ਮੰਤਰੀ ਪ੍ਰੀਸ਼ਦ ਵੱਲੋਂ ਅਪਣੀ ਮੀਟਿੰਗ ਮਿਤੀ 20.1.2014 ਵਿੱਚ ਕੁੱਝ ਅਹਿਮ ਫੈਸਲੇ ਲਏ ਗਏ ਸਨ, ਜਿਸ ਦੇ ਸਨਮੁੱਖ ਭਲਾਈ ਵਿਭਾਗ ਵੱਲੋਂ ਅਪਣੇ ਗੈ:ਸ:ਪੱ: ਨੰ:ਪੋ.ਅ.(ਐਸ.ਸੀ.ਐਸ.ਪੀ)-76/2014/726-801 ਮਿਤੀ 10.2.2014 ਰਾਹੀਂ ਜਾਰੀ ਅਧਿਸੂਚਨਾ ਦੀ ਕਾਪੀ ਆਪ ਨੂੰ ਵੀ ਭੇਜੀ ਗਈ ਸੀ। ਇਹ ਅਧਿਸੂਚਨਾ ਭਲਾਈ ਵਿਭਾਗ ਦੀ ਵੈਬਸਾਇਟ www.welfarepunjab.gov.in ਦੇ ਉਪ ਲਿੰਕ Directorate of SCSP/State Notifications (Annexure-III) ਤੇ ਵੀ ਉਪਲੱਬਧ ਹੈ।

3. ਅਨੁਸੂਚਿਤ ਜਾਤੀਆਂ ਸਬ ਪਲਾਨ 2017-18 ਸਬੰਧੀ ਤਜਵੀਜ਼ਾਂ ਤਿਆਰ ਕਰਦੇ ਸਮੇਂ ਹੇਠਾਂ ਦਰਸਾਏ ਮੁੱਦੇ ਧਿਆਨ ਰੱਖਣਯੋਗ ਹਨ :-

I. ਸਾਲ 2011 ਦੀ ਜਨਗਣਨਾ ਅਨੁਸਾਰ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੀ ਵਸੋਂ, ਰਾਜ ਦੀ ਕੁੱਲ ਵਸੋਂ ਦਾ 31.94% ਹੈ, ਜੋ ਕਿ ਦੇਸ ਦੇ ਸਾਰੇ ਰਾਜਾਂ ਤੋਂ ਵੱਧ ਹੈ, ਇਸ ਲਈ ਜ਼ਰੂਰੀ ਹੈ ਕਿ :-

(ੳ) ਅਨੂਸੂਚਿਤ ਜਾਤੀਆਂ ਦੇ ਆਰਥਿਕ, ਸਮਾਜਿਕ ਅਤੇ ਸਿੱਖਿਅਕ ਵਿਕਾਸ ਲਈ ਵੱਧ ਤੋਂ ਵੱਧ ਨਵੀਆਂ ਸਕੀਮਾਂ ਤਿਆਰ ਕੀਤੀਆਂ ਜਾਣ।

ਅ) ਸਾਲਾਨਾ ਯੋਜਨਾ 2017-18 ਵਿੱਚ ਸ਼ਾਮਿਲ ਵੱਖ-ਵੱਖ ਯੋਜਨਾ ਸਕੀਮਾਂ ਅਧੀਨ ਉਪਬੰਧਤ ਰਾਸ਼ੀ ਵਿਚੋਂ ਐਸ.ਸੀ.ਐਸ.ਪੀ. ਦਾ ਹਿੱਸਾ (ਸਿੱਧੇ ਜਾਂ ਅਸਿੱਧੇ ਤੌਰ ਤੇ) ਤਰਕ ਸੰਗਤ (rationalized) ਆਧਾਰ ਤੇ ਵੱਧ ਤੋ ਵੱਧ ਰਾਖਵਾਂ ਰੱਖਿਆ ਜਾਵੇ।

(ੲ) ਜੇਕਰ ਪਹਿਲਾਂ ਤੋਂ ਚਲ ਰਹੀਆਂ ਸਕੀਮਾਂ ਅਧੀਨ ਐਸ.ਸੀ.ਐਸ.ਪੀ. ਲਈ ਹਿੱਸਾ ਰਾਖਵਾਂ ਰੱਖਣਾ ਸੰਭਵ ਨਾ ਹੋਵੇ ਤਾਂ ਇਨ੍ਹਾਂ ਸਕੀਮਾਂ ਵਿੱਚ ਇਸ ਤਰ੍ਹਾਂ ਨਾਲ ਸੋਧ ਕੀਤੀ ਜਾਵੇ ਕਿ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਦਿੱਤਾ ਜਾ ਸਕੇ।

(ਸ) ਕਿਉਂਕਿ ਹਰ ਸਕੀਮ ਦੇ ਉਪਬੰਧ ਵਿਚੋਂ ਅਨੁਸੂਚਿਤ ਜਾਤੀਆਂ ਦੀ ਵਸੋਂ ਦੀ ਪ੍ਰਤੀਸ਼ਤਤਾ ਦੇ ਬਰਾਬਰ ਦੀ ਰਾਸ਼ੀ, ਐਸ.ਸੀ.ਐਸ.ਪੀ. ਅਧੀਨ ਨਿਰਧਾਰਤ ਕਰਨੀ ਸੰਭਵ ਨਹੀਂ ਹੈ, ਇਸ ਲਈ ਅਪਣੇ ਅਧੀਨ ਆਉਂਦੇ ਵਿਭਾਗਾਂ/ਅਦਾਰਿਆਂ ਨਾਲ ਸਬੰਧਤ ਯੋਜਨਾ ਸਕੀਮਾਂ ਵਿਚੋਂ ਐਸ.ਸੀ.ਐਸ.ਪੀ. ਦੇ ਉਪਬੰਧ ਨਿਰਧਾਰਤ ਕਰਦੇ ਸਮੇਂ ਭਲਾਈ ਵਿਭਾਗ ਵੱਲੋਂ ਜਾਰੀ ਅਧਿਸੂਚਨਾ ਮਿਤੀ 10.2.2014 ਦੇ ਫੈਸਲਿਆਂ ਅਤੇ ਹੇਠ ਦਰਸਾਏ ਮਾਪਦੰਡਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ :-

(i) ਰਾਜ ਦੀ ਅਨੁਸੂਚਿਤ ਜਾਤੀਆਂ ਦੀ ਆਬਾਦੀ।

(ii) ਵਿਦਿਅਕ ਸੰਸਥਾਵਾਂ ਵਿੱਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਦਾਖਲੇ ਦੀ ਦਰ ।

(iii) ਦਾਖਲੇ/ਸੇਵਾਵਾਂ ਵਿੱਚ ਰਾਖਵਾਂਕਰਨ ਦੀ ਪਾਲਿਸੀ।

(iv) ਲਾਭਪਾਤਰੀ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਜਾਣ ਵਾਲਾ ਅਸਲ ਲਾਭ।

(v) ਅਨੁਸੂਚਿਤ ਜਾਤੀਆਂ ਦੀ ਬਹੁਤਾਤ ਵਾਲੇ ਪਿੰਡ/ਇਲਾਕੇ।

(vi) ਅਨੁਸੂਚਿਤ ਜਾਤੀਆਂ ਕੋਲ ਖੇਤੀਬਾੜੀ ਜੋਤਾਂ ਦੀ ਮਾਲਕੀ।

II. ਸਾਲ 2011 ਦੀ ਜਨਗਣਨਾ ਅਨੁਸਾਰ ਰਾਜ ਦੇ ਕੁੱਲ ਆਬਾਦ 12,165 ਪਿੰਡਾਂ ਵਿਚੋਂ 4799 (39.45%) ਪਿੰਡ ਅਜਿਹੇ ਹਨ, ਜਿਨ੍ਹਾਂ ਵਿੱਚ ਅਨੁਸੂਚਿਤ ਜਾਤੀਆਂ ਦੀ ਵਸੋਂ 40% ਜਾਂ ਇਸ ਤੋਂ ਵੱਧ ਹੈ। ਇਹਨਾਂ ਪਿੰਡਾਂ ਦੀ ਸੂਚੀ ਇਸ ਵਿਭਾਗ ਦੇ ਪੱਤਰ ਨੰ: ਖੋ.ਅ.(ਐਸ.ਸੀ.ਐਸ.ਪੀ)-38/2014-15/5515 ਮਿਤੀ 12.11.2013 ਰਾਹੀਂ ਪਹਿਲਾਂ ਹੀ ਸਬੰਧਤ ਪ੍ਰਬੰਧਕੀ ਸਕੱਤਰਾਂ ਅਤੇ ਵਿਭਾਗਾਂ ਨੂੰ ਸਰਕਾਰੀ ਈ-ਮੇਲ ਤੇ ਭੇਜੀ ਜਾ ਚੁੱਕੀ ਹੈ। ਇਹ ਡਾਟਾ ਭਲਾਈ ਵਿਭਾਗ ਦੀ ਵੈਬਸਾਇਟ www.welfarepunjab.gov.in ਦੇ ਉਪ ਲਿੰਕ Directorate of SCSP/Statistics about SC population in Punjab ਤੇ ਵੀ ਉਪਲੱਬਧ ਹੈ।

ਤਤਕਾਲੀਨ ਯੋਜਨਾ ਆਯੋਗ, ਭਾਰਤ ਸਰਕਾਰ ਦੀਆਂ ਅਗਵਾਈ ਲੀਹਾਂ ਅਨੁਸਾਰ ਅਨੁਸੂਚਿਤ ਜਾਤੀਆਂ ਦੀ 40% ਜਾਂ ਇਸ ਤੋਂ ਵੱਧ ਵਸੋਂ ਵਾਲੇ ਪਿੰਡਾਂ/ਇਲਾਕਿਆਂ ਨੂੰ ਅਨੁਸੂਚਿਤ ਜਾਤੀਆਂ ਦੀ ਘਣਤਾ ਵਾਲੇ ਪਿੰਡ/ਇਲਾਕੇ ਮੰਨਦੇ ਹੋਏ, ਘੱਟੋ ਘੱਟ ਮੁੱਢਲੀਆਂ ਸੇਵਾਵਾਂ ਜਿਵੇਂ ਕਿ ਪੀਣ ਵਾਲਾ ਪਾਣੀ, ਪ੍ਰਾਇਮਰੀ ਸਿੱਖਿਆ, ਸਿਹਤ ਸੇਵਾਵਾਂ, ਗਰੀਬਾਂ ਲਈ ਘਰ /ਟਾਇਲਟਸ, ਪੇਂਡੂ ਬਿਜਲੀਕਰਣ, ਪਿੰਡਾਂ ਨੂੰ ਜੋੜਣ ਵਾਲੀਆਂ ਸੜਕਾਂ ਆਦਿ ਸਬੰਧੀ ਸਹੂਲਤਾਂ, ਇਨ੍ਹਾਂ ਪਿੰਡਾਂ/ਇਲਾਕਿਆਂ ਵਿੱਚ ਅਗੇਤ ਦੇ ਆਧਾਰ ਤੇ ਮੁਹੱਈਆਂ ਕਰਵਾਈਆਂ ਜਾਣੀਆਂ ਹਨ। ਇਸ ਲਈ ਬੁਨਿਆਦੀ ਢਾਂਚਾ ਸਹੂਲਤਾਂ ਪ੍ਰਦਾਨ ਕਰਨ ਵਾਲੀਆਂ ਸਕੀਮਾਂ ਤਿਆਰ ਕਰਦੇ ਸਮੇਂ 40% ਜਾਂ ਇਸ ਤੋਂ ਵੱਧ ਅਨੁਸੂਚਿਤ ਜਾਤੀ ਵਸੋਂ ਵਾਲੇ ਪਿੰਡਾਂ/ਇਲਾਕਿਆਂ ਨੂੰ ਤਰਜੀਹ ਦੇ ਆਧਾਰ ਤੇ ਕਵਰ ਕੀਤਾ ਜਾਵੇ, ਕਿਉਂਕਿ ਇਹਨਾਂ ਪਿੰਡਾਂ/ਇਲਾਕਿਆਂ ਵਿੱਚ ਖਰਚ ਕੀਤੀ ਜਾਣ ਵਾਲੀ ਪੂਰੀ ਦੀ ਪੂਰੀ ਰਾਸ਼ੀ ਨੂੰ ਐਸ.ਸੀ.ਐਸ.ਪੀ. ਅਧੀਨ ਖਰਚਾ ਮੰਨਿਆਂ ਜਾਣਾ ਹੈ ਭਾਵੇਂ ਕਿ ਇਸ ਦਾ ਲਾਭ ਸਮਾਜ ਦੇ ਕਿਸੇ ਹੋਰ ਵਰਗ ਨੂੰ ਵੀ ਮਿਲਦਾ ਹੋਵੇ।

III. ਤਤਕਾਲੀਨ ਯੋਜਨਾ ਆਯੋਗ, ਭਾਰਤ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਕੀਤੀਆ ਗਈਆਂ ਅਗਵਾਈ ਲੀਹਾਂ ਅਨੁਸਾਰ ਸਾਲਾਨਾ ਯੋਜਨਾ ਵਿੱਚੋਂ ਐਸ.ਸੀ.ਐਸ.ਪੀ. ਲਈ ਰਾਖਵੀਂ ਰੱਖੀ ਗਈ ਰਾਸ਼ੀ ਕਿਸੇ ਵੀ ਪੱਖੋਂ ਜਨਰਲ ਸੈਕਟਰਾਂ ਵਿੱਚ ਤਬਦੀਲ ਕਰਕੇ ਨਹੀਂ ਖਰਚੀ ਜਾ ਸਕਦੀ। ਐਸ.ਸੀ.ਐਸ.ਪੀ. ਦੀ ਰਾਸ਼ੀ ਨੂੰ ਸਾਲਾਨਾ ਯੋਜਨਾ ਬਜਟ ਵਿੱਚ ਬੁੱਕ ਕਰਨ ਲਈ ਵਿੱਤ ਵਿਭਾਗ ਵਲੋਂ ਪਹਿਲਾਂ ਹੀ ਅਪਣੇ ਪੱਤਰ ਨੰ: 8/5/90-3FBII/637, ਮਿਤੀ 18-1-1996 ਰਾਹੀਂ ਵੱਖ-ਵੱਖ ਵਿਭਾਗਾਂ ਦੇ ਮੇਜਰ/ਸਬ-ਮੇਜਰ ਮੱਦਾਂ ਹੇਠ ਇੱਕ ਵੱਖਰਾ ਮਾਈਨਰ ਹੈਡ-789 **'ਐਸ.ਸੀ.ਪੀ. ਫਾਰ ਐਸ.ਸੀਜ਼'** ਖੋਲਿਆ ਹੋਇਆ ਹੈ। ਉਹਨਾਂ ਵੱਲੋ ਇਸ ਪੱਤਰ ਰਾਹੀਂ ਯੋਜਨਾ ਸਕੀਮਾਂ ਵਿਚੋਂ ਐਸ.ਸੀ.ਐਸ.ਪੀ. ਸਕੀਮਾਂ/ਹਿੱਸਾ ਇਸ ਮਾਈਨਰ ਹੈਡ ਅਧੀਨ ਬੁੱਕ ਕਰਨ ਲਈ ਵੀ ਕਿਹਾ ਹੋਇਆ ਹੈ। ਇਸ ਲਈ ਭਲਾਈ ਵਿਭਾਗ ਵੱਲੋਂ ਸਾਲ 2017-18 ਦੇ ਅੰਤਮ ਕੀਤੇ ਜਾਣ ਵਾਲੇ ਐਸ.ਸੀ.ਐਸ.ਪੀ. ਉਪਬੰਧਾਂ ਨੂੰ ਮਾਈਨਰ ਹੈਡ-789 **'ਐਸ.ਸੀ.ਪੀ. ਫਾਰ ਐਸ.ਸੀਜ਼'**

ਤਹਿਤ ਬੁੱਕ ਕਰਵਾਉਣਾ ਯਕੀਨੀ ਬਣਾਇਆ ਜਾਵੇ। ਜੇਕਰ ਸਾਲ 2017-18 ਦੌਰਾਨ ਕੋਈ ਨਵੀ ਪਲਾਨ ਸਕੀਮ ਬਜਟ ਵਿੱਚ ਸ਼ਾਮਲ ਕੀਤੀ ਜਾਂਦੀ ਹੈ ਅਤੇ ਉਸ ਅਧੀਨ ਐਸ.ਸੀ.ਐਸ.ਪੀ ਦਾ ਹਿੱਸਾ ਵੀ ਰੱਖਿਆ ਜਾਂਦਾ ਹੈ ਤਦ ਐਸ.ਸੀ.ਐਸ.ਪੀ ਦਾ ਹਿੱਸਾ ਸਬੰਧਤ ਬਜਟ ਹੈਡ ਤਹਿਤ ਉਕਤ ਮਾਈਨਰ ਹੈਡ ਖੋਲਣ ਉਪਰੰਤ ਐਸ.ਸੀ.ਐਸ.ਪੀ. ਉਪਬੰਧਾਂ ਨੂੰ ਬੁੱਕ ਕੀਤਾ ਜਾਵੇ।

IV. ਭਾਰਤ ਸਰਕਾਰ ਦੇ ਵੱਖ-ਵੱਖ ਮੰਤਰਾਲਿਆਂ ਵਲੋਂ ਕੇਂਦਰੀ ਪ੍ਰਾਯੋਜਿਤ ਸਕੀਮਾਂ ਦੇ ਕੇਂਦਰੀ ਹਿੱਸੇ ਲਈ ਐਸ.ਸੀ.ਐਸ.ਪੀ. ਅਤੇ ਜਨਰਲ ਕੰਪੋਨੈਂਟਾਂ ਦੀਆਂ ਸੈਕਸ਼ਨਾਂ ਵੱਖਰੇ ਵੱਖਰੇ ਤੌਰ ਤੇ ਜਾਰੀ ਕੀਤੀਆਂ ਜਾਂਦੀਆਂ ਹਨ। ਇਸ ਲਈ ਸਾਲ 2017-18 ਦੌਰਾਨ ਆਪ ਦੇ ਅਧੀਨ ਆਉਂਦੇ ਵਿਭਾਗਾਂ/ਅਦਾਰਿਆਂ ਵਲੋਂ ਲਾਗੂ ਕੀਤੀਆਂ ਜਾਣ ਵਾਲੀਆਂ ਕੇਂਦਰੀ ਪ੍ਰਾਯੋਜਿਤ ਸਕੀਮਾਂ ਲਈ ਕੇਂਦਰ ਤੋਂ ਐਸ.ਸੀ.ਐਸ.ਪੀ. ਅਧੀਨ ਪ੍ਰਾਪਤ ਹੋਣ ਵਾਲੇ ਕੇਂਦਰੀ ਹਿੱਸੇ ਦੇ ਵਿਰੁੱਧ ਰਾਜ ਦੇ ਹਿੱਸੇ ਵਜੋਂ ਬਣਦੇ ਐਸ.ਸੀ.ਐਸ.ਪੀ. ਹਿੱਸੇ ਦਾ ਉਪਬੰਧ ਕਰਵਾਉਣ ਦੀ ਖੇਚਲ ਕੀਤੀ ਜਾਵੇ।

V. ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਵੱਲੋਂ ਗੁਜਰਾਤ, ਬਿਹਾਰ ਅਤੇ ਝਾਰਖੰਡ ਰਾਜਾਂ ਨੂੰ ਦਿੱਤੀ ਗਈ ਅਗਵਾਈ ਦੇ ਸਨਮੁੱਖ, ਇਸ ਵਿਭਾਗ ਵੱਲੋਂ ਯੋਜਨਾ ਕਮਿਸ਼ਨ (ਹੁਣ ਨੀਤੀ ਆਯੋਗ) ਵੱਲੋਂ ਜੂਨ, 2014 ਵਿਚ ਪੰਜਾਬ ਰਾਜ ਲਈ ਜਾਰੀ ਕੀਤੇ ਗਏ "ਗਰੀਬੀ ਅਨੁਮਾਨਾਂ" ਦੇ ਸਨਮੁੱਖ ਬੀ.ਪੀ.ਐਲ. ਪਰਿਵਾਰਾਂ ਦੀ ਸ਼ਨਾਖਤ ਲਈ ਆਮਦਨ ਹੱਦ ਵਿਚ ਸੋਧ ਕੀਤੀ ਗਈ ਹੈ। ਇਸ ਅਨੁਸਾਰ ਸ਼ਹਿਰੀ ਖੇਤਰ ਲਈ 88,756/- ਰੁਪਏ ਅਤੇ ਦਿਹਾਤੀ ਖੇਤਰ ਲਈ 67,649/- ਰੁਪਏ ਦੀ ਪਰਿਵਾਰਿਕ ਸਾਲਾਨਾ ਆਮਦਨ ਹੱਦ (ਗਰੀਬੀ ਰੇਖਾ) ਨਿਰਧਾਰਿਤ ਕੀਤੀ ਗਈ ਹੈ। ਇਸ ਦੇ ਸਨਮੁੱਖ ਇਸ ਵਿਭਾਗ ਵੱਲੋਂ ਮਿਤੀ 8.10.2015 ਨੂੰ ਜਾਰੀ ਹਦਾਇਤਾਂ ਦੀ ਕਾਪੀ ਆਪ ਨੂੰ ਭੇਜੀ ਗਈ ਸੀ। ਇਸ ਲਈ ਐਸ.ਸੀ.ਐਸ.ਪੀ. ਅਧੀਨ ਅਜਿਹੀਆਂ ਸਕੀਮਾਂ ਜਿਨ੍ਹਾਂ ਤਹਿਤ ਅਨੁਸੂਚਿਤ ਜਾਤੀ ਬੀ.ਪੀ.ਐਲ. ਪਰਿਵਾਰਾਂ ਨੂੰ ਲਾਭ ਦਿੱਤਾ ਜਾਂਦਾ ਹੈ, ਦੀ ਚੋਣ ਇਸ ਆਮਦਨ ਹੱਦ ਦੇ ਆਧਾਰ ਤੇ ਕੀਤੀ ਜਾਵੇ।

VI. ਐਸ.ਸੀ.ਐਸ.ਪੀ 2016-17 ਦੇ ਸੋਧੇ ਅਨੁਮਾਨਾ ਸਬੰਧੀ ਇਸ ਵਿਭਾਗ ਦੇ ਪੱਤਰ ਨੰ: ਐਸ.ਸੀ.ਐਸ.ਪੀ.(ਖੋ.ਅ.-1)/38/RE/2016/5255-82, ਮਿਤੀ 30.11.2016 (ਕਾਪੀ ਸਬੰਧਤ ਵਿਭਾਗਾਂ ਦੇ ਮੁੱਖੀਆਂ ਨੂੰ) ਰਾਹੀਂ ਮੰਗੀ ਗਈ ਸੂਚਨਾ ਵੀ ਆਪ ਦੇ ਕੰਟਰੋਲ ਅਧੀਨ ਆਉਂਦੇ ਵਿਭਾਗਾਂ/ਅਦਾਰਿਆਂ ਪਾਸੋਂ ਮਿਤੀ 23.12.2016 ਤੱਕ ਮੁਹੱਈਆ ਕਰਵਾਉਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਕਿ ਐਸ.ਸੀ.ਐਸ.ਪੀ. 2017-18 ਨੂੰ ਤਿਆਰ ਕਰਨ ਸਮੇਂ ਐਸ.ਸੀ.ਐਸ.ਪੀ. 2016-17 ਦੀ ਮੌਜੂਦਾ ਸਥਿਤੀ ਨੂੰ ਵੀ ਧਿਆਨ ਵਿੱਚ ਰੱਖਿਆ ਜਾ ਸਕੇ।

4. ਵਿੱਤ ਵਿਭਾਗ ਵੱਲੋਂ ਲਏ ਗਏ ਫੈਸਲੇ ਅਨੁਸਾਰ ਸਾਲ 2014-15 ਤੋਂ ਸਾਲਾਨਾ ਯੋਜਨਾ ਅਤੇ ਬਜਟ ਨੂੰ IFMS ਰਾਹੀਂ ਤਿਆਰ ਕੀਤਾ ਜਾ ਰਿਹਾ ਹੈ, ਜਿਸ ਅਨੁਸਾਰ ਸਾਲਾਨਾ ਯੋਜਨਾ ਦੇ ਅੰਤਿਮ ਕੀਤੇ ਗਏ ਉਪਬੰਧਾਂ ਅਤੇ ਇਹਨਾਂ ਉਪਬੰਧਾਂ ਦਾ ਐਸ.ਓ.ਈ. ਵਾਈਜ਼ ਵੇਰਵਾ ਸਬੰਧਤ ਵਿਭਾਗਾਂ ਦੇ ਮੁੱਖੀਆਂ ਵੱਲੋਂ ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀ.ਸੀ.ਐਸ) ਵੱਲੋਂ ਬਜਟ ਸਬੰਧੀ ਤਿਆਰ ਕੀਤੇ ਜਾਣ ਵਾਲੇ ਪ੍ਰੋਫਾਰਮੇ ਵਿੱਚ ਫੀਡ ਕੀਤਾ ਜਾਂਦਾ ਹੈ। ਐਸ.ਸੀ.ਐਸ.ਪੀ, ਸਾਲਾਨਾ ਯੋਜਨਾ ਦਾ ਹੀ ਹਿੱਸਾ ਹੋਣ ਕਾਰਨ ਭਲਾਈ ਵਿਭਾਗ ਵੱਲੋਂ ਐਸ.ਸੀ.ਐਸ.ਪੀ. 2017-18 ਦੇ ਅੰਤਿਮ ਕੀਤੇ ਗਏ ਉਪਬੰਧਾਂ ਨੂੰ ਸਾਲਾਨਾ ਯੋਜਨਾ 2017-18 ਦੇ ਉਪਬੰਧਾਂ ਦੇ ਨਾਲ ਹੀ ਬਜਟ ਵਿੱਚ ਫੀਡ ਕੀਤਾ ਜਾਣਾ ਹੈ। ਇਸ ਲਈ ਸਾਲ 2017-18 ਲਈ ਵੱਖ-ਵੱਖ ਵਿਭਾਗਾਂ ਨਾਲ ਵਿਚਾਰ ਵਟਾਂਦਰੇਂ ਉਪਰੰਤ ਅੰਤਿਮ ਕੀਤੇ ਅਤੇ ਸੂਚਿਤ ਕੀਤੇ ਗਏ ਐਸ.ਸੀ.ਐਸ.ਪੀ ਉਪਬੰਧਾਂ ਨੂੰ ਹੀ IFMS ਰਾਹੀਂ online ਫੀਡ ਕਰਵਾਇਆ ਜਾਵੇ।

5. ਯੋਜਨਾਬੰਦੀ ਵਿਭਾਗ, ਪੰਜਾਬ ਦੇ "3 ਸਾਲਾ ਐਕਸ਼ਨ ਪਲਾਨ ਅਤੇ ਸਾਲਾਨਾ ਯੋਜਨਾ 2017-18 ਦੀ ਫਾਰਮੂਲੇਸ਼ਨ ਅਤੇ ਸਾਲਾਨਾ ਯੋਜਨਾ 2016-17 ਦੇ ਸੋਧੇ ਅਨੁਮਾਨ ਅੰਤਿਮ ਕਰਨ ਸਬੰਧੀ" ਆਪ ਨੂੰ ਭੇਜੇ ਗਏ ਪੱਤਰ ਨੰ:4977 ਮਿਤੀ 29.11.2016 ਰਾਹੀਂ ਸਾਲਾਨਾ ਯੋਜਨਾ 2017-18 ਲਈ ਤਜਵੀਜ਼ਾਂ ਤੋਂ ਇਲਾਵਾ, ਪੰਜਾਬ ਦੀ ਡਿਵਲਪਮੈਂਟ ਸਬੰਧੀ ਤਿਆਰ ਕੀਤੇ ਗਏ Vision Document 2030 ਹੇਠ ਤਿੰਨ ਸਾਲਾ (2017-20) ਐਕਸ਼ਨ

ਪਲਾਨ ਸਬੰਧੀ ਸਾਲ 2018-19 ਅਤੇ ਸਾਲ 2019-20 ਲਈ ਪ੍ਰੋਜੈਕਟਡ ਉਪਬੰਧਾਂ ਦੀ ਮੰਗ ਵੀ ਕੀਤੀ ਗਈ ਹੈ। ਕਿਉਂਕਿ ਅਨੁਸੂਚਿਤ ਜਾਤੀਆਂ ਸਬ ਪਲਾਨ ਰਾਜ ਦੀ ਸਾਲਾਨਾ ਯੋਜਨਾ ਦਾ ਹਿੱਸਾ ਹੁੰਦਾ ਹੈ, ਇਸ ਲਈ ਐਸ.ਸੀ.ਐਸ.ਪੀ ਅਧੀਨ ਤਿੰਨ ਸਾਲਾ (2017-20) ਐਕਸ਼ਨ ਪਲਾਨ ਨੂੰ ਤਿਆਰ ਕਰਨ ਦੇ ਮੰਤਵ ਲਈ, ਸਾਲ 2018-19 ਅਤੇ ਸਾਲ 2019-20 ਦੇ ਸਕੀਮਵਾਰ ਕੁੱਲ ਪ੍ਰੋਜੈਕਟਡ ਯੋਜਨਾ ਉਪਬੰਧਾਂ ਵਿਚੋਂ ਤਰਕ-ਸੰਗਤ ਆਧਾਰ ਤੇ ਢੁਕਵਾਂ ਐਸ.ਸੀ.ਐਸ.ਪੀ ਹਿੱਸਾ (ਸਾਲਵਾਰ ਅਤੇ ਰੈਵੀਨਿਊ/ਕੈਪੀਟਲ ਵਾਈਜ਼) ਰਾਖਵਾਂ ਰੱਖਣ ਤੋਂ ਇਲਾਵਾ, ਤਿੰਨ ਸਾਲਾ ਐਕਸ਼ਨ ਪਲਾਨ ਹੇਠ ਅਨੁਸੂਚਿਤ ਜਾਤੀਆਂ ਦੇ ਸਮੁੱਚੇ ਵਿਕਾਸ ਲਈ ਵੱਧ ਤੋਂ ਵੱਧ exclusive ਸਕੀਮਾਂ ਤਿਆਰ ਕਰਕੇ ਸ਼ਾਮਲ ਕੀਤੀਆਂ ਜਾਣ।

6. ਉਪਰੋਕਤ ਦੇ ਸਨਮੁੱਖ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਪਣੇ ਅਧੀਨ ਆਉਂਦੇ ਵਿਭਾਗਾਂ/ਅਦਾਰਿਆਂ ਨੂੰ ਹਦਾਇਤ ਕਰਨ ਦੀ ਕ੍ਰਿਪਾਲਤਾ ਕਰੋ ਕਿ ਉਹ ਐਸ.ਸੀ.ਐਸ.ਪੀ. 2017-18 ਅਤੇ ਐਸ.ਸੀ.ਐਸ.ਪੀ. ਅਧੀਨ ਤਿੰਨ ਸਾਲਾ (2017-20) ਐਕਸ਼ਨ ਪਲਾਨ ਲਈ ਉਕਤ ਅਨੁਸਾਰ ਵਿਸਥਾਰ ਪੂਰਵਕ ਤਜ਼ਵੀਜ਼ਾਂ/ਸੂਚਨਾ ਤਿਆਰ ਕਰਕੇ ਇਸ ਵਿਭਾਗ ਨੂੰ ਨੱਥੀ ਅਨੈਕਸਚਰ ਅਨੁਸਾਰ ਮਿਤੀ 30.12.2016 ਤੱਕ ਭੇਜਣਾ ਯਕੀਨੀ ਬਨਾਉਣ ਤਾਂ ਜੋ ਇਨ੍ਹਾਂ ਤਜ਼ਵੀਜ਼ਾਂ ਨੂੰ ਆਪਸੀ ਵਿਚਾਰ-ਵਟਾਂਦਰੇ ਉਪਰੰਤ ਅੰਤਿਮ ਰੂਪ ਦੇ ਕੇ ਐਸ.ਸੀ.ਐਸ.ਪੀ. 2017-18 ਦਸਤਾਵੇਜ਼ ਸਮੇਤ ਐਸ.ਸੀ.ਐਸ.ਪੀ ਅਧੀਨ ਤਿੰਨ ਸਾਲਾ (2017-20) ਐਕਸ਼ਨ ਪਲਾਨ ਸਮੇਂ-ਸਿਰ ਤਿਆਰ ਕੀਤਾ ਜਾ ਸਕੇ।

7. ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ।

ਵਿਸ਼ਵਾਸਪਾਤਰ,

(ਕਿਰਪਾ ਸ਼ੰਕਰ ਸਰੋਜ)
ਸਕੱਤਰ ਭਲਾਈ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ-1)-38(II)/2016/ 5531 ਮਿਤੀ: 8 ਦਸੰਬਰ 2016

ਉਪਰੋਕਤ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਯੋਜਨਾਬੰਦੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ-1)-38(II)/2016/ 5532 ਮਿਤੀ: 8 ਦਸੰਬਰ 2016

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ-1)-38(II)/2016/ 5533-90 ਮਿਤੀ: 8 ਦਸੰਬਰ 2016

ਉਪਰੋਕਤ ਦਾ ਇੱਕ ਉਤਾਰਾ ਐਸ.ਸੀ.ਐਸ.ਪੀ. ਨਾਲ ਸਬੰਧਤ ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਐਸ.ਸੀ.ਐਸ.ਪੀ. 2017-18 ਅਤੇ ਐਸ.ਸੀ.ਐਸ.ਪੀ. ਅਧੀਨ ਤਿੰਨ ਸਾਲਾ (2017-20) ਐਕਸ਼ਨ ਪਲਾਨ ਲਈ ਤਜ਼ਵੀਜ਼ਾਂ ਨੱਥੀ ਅਨੈਕਸਚਰ ਅਨੁਸਾਰ ਮਿਤੀ 30-12-2016 ਤੱਕ ਭੇਜਣੀਆਂ ਯਕੀਨੀ ਬਣਾਈਆਂ ਜਾਣ। ਐਮ.ਐਸ. ਐਕਸਲ ਐਪਲੀਕੇਸ਼ਨ ਵਿਚ ਤਿਆਰ ਕੀਤੇ ਇਸ ਅਨੈਕਸਚਰ ਦੀ ਸਾਫਟ ਕਾਪੀ ਈ-ਮੇਲ dir.scsp@punjab.gov.in ਤੇ ਸੰਪਰਕ ਰਾਹੀਂ ਪ੍ਰਾਪਤ ਕੀਤੀ ਜਾ

ਸਕਦੀ ਹੈ। ਇਹ ਪੱਤਰ ਭਲਾਈ ਵਿਭਾਗ ਦੀ ਵੈਬਸਾਇਟ www.welfarepunjab.gov.in ਦੇ ਉਪ ਲਿੰਕ Directorate of SCSP ਦੇ ਸਬਹੈਡ Recent notifications/meetings/Letters ਤੇ ਵੀ ਉਪਲੱਬਧ ਹੈ।

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ-1)-38(II)/2016/5591 ਮਿਤੀ: 8 ਦਸੰਬਰ 2016

ਉਪਰੋਕਤ ਦਾ ਇੱਕ ਉਤਾਰਾ ਨਿੱਜੀ ਸਕੱਤਰ/ਭਲਾਈ ਮੰਤਰੀ ਨੂੰ ਮਾਨਯੋਗ ਭਲਾਈ ਮੰਤਰੀ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ-1)-38(II)/2016/5592 ਮਿਤੀ: 8 ਦਸੰਬਰ 2016

ਉਪਰੋਕਤ ਦਾ ਇੱਕ ਉਤਾਰਾ ਨਿੱਜੀ ਸਕੱਤਰ/ਸਕੱਤਰ ਭਲਾਈ ਨੂੰ ਮਾਨਯੋਗ ਸਕੱਤਰ ਭਲਾਈ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ-1)-38(II)/2016/5593 ਮਿਤੀ: 8 ਦਸੰਬਰ 2016

ਉਪਰੋਕਤ ਦਾ ਇੱਕ ਉਤਾਰਾ ਵਿਸ਼ੇਸ਼ ਸਕੱਤਰ, ਭਲਾਈ ਵਿਭਾਗ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ-1)-38(II)/2016/ 5594 ਮਿਤੀ: 8ਦਸੰਬਰ 2016

ਉਪਰੋਕਤ ਦਾ ਇੱਕ ਉਤਾਰਾ ਇੰਚਾਰਜ ਟੀ.ਸੀ.ਐਸ/ਆਈ.ਐਫ.ਐਮ.ਐਸ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

ANNEXURE

## Scheduled Castes Sub Plan (SCSP) 2017-18 Formulation and 3 years Action Plan 2017-20 under SCSP for Vision Document 2030

(Rs. in lac)

Name of Department:

| Sr. No. | Scheme | | Annual Plan 2017-18 Proposed Outlay | | | | SCSP 2017-18 (Financial) Proposed SCSP Outlay | | | | | |
|---|---|---|---|---|---|---|---|---|---|---|---|---|
| | Code | Name | Centre Share | State Share | Total (3+4) | Capital content out of Col. 5 | Centre Share | State Share | Total (7+8) | Capital content out of Col. 9 | Total beneficiary share out of Col.9, for beneficiary oriented schemes | Women Component (WC) out of Col.11 |
| 0 | 1 | 2 | 3 | 4 | 5 | 6 | 7 | 8 | 9 | 10 | 11 | 12 |
| | | | | | | | | | | | | |
| | | | | | | | | | | | | |
| | | | | | | | | | | | | |

**ANNEXURE (Contd.)**

**Scheduled Castes Sub Plan (SCSP) 2017-18 Formulation and 3 years Action Plan 2017-20 under SCSP for Vision Document 2030**

## Name of Department:

| Sr. No. | Scheme | | SCSP 2017-18 (Physical) | | | Remarks (if any) for SCSP 2017-18 proposal |
|---|---|---|---|---|---|---|
| | Code | Name | Physical targets vis-à-vis Col. 9 | | | |
| | | | Unit | Total Number | Women Component (WC) out of Col.14, for beneficiary oriented schemes | |
| 0 | 1 | 2 | 13 | 14 | 15 | 16 |
| | | | | | | |
| | | | | | | |
| | | | | | | |

ANNEXURE (Contd.)

Scheduled Castes Sub Plan (SCSP) 2017-18 Formulation and 3 years Action Plan 2017-20 under SCSP for Vision Document 2030

**Name of Department:**

(Rs. in lac)

| Sr. No. | Scheme | | Annual Plan 2018-19 | | | | Action Plan 2018-19 under SCSP | | | | | Remarks (if any) |
|---|---|---|---|---|---|---|---|---|---|---|---|---|
| | Code | Name | Projected Plan Outlay | | | | Projected SCSP Outlay | | | | | |
| | | | Centre Share | State Share | Total (17+18) | Capital content out of Col. 19 | Centre Share | State Share | Total (21+22) | Capital content out of Col. 23 | Total beneficiary share out of Col.23, for beneficiary oriented schemes | |
| 0 | 1 | 2 | 17 | 18 | 19 | 20 | 21 | 22 | 23 | 24 | 25 | 26 |
| | | | | | | | | | | | | |
| | | | | | | | | | | | | |
| | | | | | | | | | | | | |

ANNEXURE (Contd.)

Scheduled Castes Sub Plan (SCSP) 2017-18 Formulation and 3 years Action Plan 2017-20 under SCSP for Vision Document 2030

**Name of Department:**

(Rs. in lac)

| Sr. No. | Scheme | | Annual Plan 2019-20 | | | | Action Plan 2019-20 under SCSP | | | | | |
|---|---|---|---|---|---|---|---|---|---|---|---|---|
| | Code | Name | Projected Plan Outlay | | | | Projected SCSP Outlay | | | | | Remarks (if any) |
| | | | Centre Share | State Share | Total (27+28) | Capital content out of Col. 29 | Centre Share | State Share | Total (31+32) | Capital content out of Col. 33 | Total beneficiary share out of Col.33, for beneficiary oriented schemes | |
| 0 | 1 | 2 | 27 | 28 | 29 | 30 | 31 | 32 | 33 | 34 | 35 | 36 |
| | | | | | | | | | | | | |
| | | | | | | | | | | | | |
| | | | | | | | | | | | | |